ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

# ਰਾਈਟ ਐਕਸ਼ਨ

**RIGHT ACTION**

राईट एक्शन



Editor : Parveen Komal

Year 44 Volume 30 Price 5/- Page 4 Date 28-7-2025 To 3-8-2025 News Editor Abhinav Sharma ,Group Editor : Parveen Komal 90411 16001

# ਦੇਸ਼ ਦਾ ਸੈਮੀਕੰਡਕਟਰ ਹੱਬ ਬਣੇਗਾ ਪੰਜਾਬ, ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਵੱਡਾ ਐਲਾਨ-ਦੇਸ਼ ਦਾ ਸੈਮੀਕੰਡਕਟਰ ਹੱਬ ਬਣੇਗਾ ਪੰਜਾਬ, ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਵੱਡਾ ਐਲਾਨ



**-(ਪਰਵੀਨ ਕੋਮਲ)-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੈਮੀਕੰਡਕਟਰ ਉਦਯੋਗ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕੀਤੀ।
ਇਸ ਦੌਰਾਨ, ਮੁੱਖ ਮੰਤਰੀ ਨੇ ਆਧੁਨਿਕ ਤਕਨਾਲੋਜੀ ‘ਚ ਸੈਮੀਕੰਡਕਟਰ ਚਿੱਪ ਦੀ ਮਹੱਤਤਾ ਬਾਰੇ ਦੱਸਿਆ ਤੇ ਕਿਹਾ ਕਿ ਇਹ ਲਗਭਗ ਸਾਰੇ ਇਲੈਕਟ੍ਰਾਨਿਕ ਯੰਤਰਾਂ ਦਾ ਇੱਕ ਜ਼ਰੂਰੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ‘ਚ ਇੱਕ ਮਜ਼ਬੂਤ ਸੈਮੀਕੰਡਕਟਰ ਈਕੋ-ਸਿਸਟਮ ਵਿਕਸਤ ਕਰਨ ਲਈ ਹਰ ਸੰਭਵ ਯਤਨ ਕਰੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੈਮੀਕੰਡਕਟਰ ਬੁਨਿਆਦੀ ਤਬਦੀਲੀ ਤੋਂ ਲੈ ਕੇ ਉੱਨਤ ਤਕਨਾਲੋਜੀ ਤੱਕ ਕਾਰਜਸ਼ੀਲਤਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸਮਰੱਥ ਬਣਾਉਂਦੇ ਹਨ।
ਸੀਐਮ ਮਾਨ ਨੇ ਸੈਮੀਕੰਡਕਟਰ ਉਦਯੋਗ ਦੀ ਵਿਸ਼ਾਲ ਸੰਭਾਵਨਾ ਨੂੰ ਉਜਾਗਰ ਕੀਤਾ ਤੇ ਕਿਹਾ ਕਿ ਇਹ ਉਦਯੋਗ ਇਸ ਸਮੇਂ 20 ਤੋਂ 23 ਪ੍ਰਤੀਸ਼ਤ ਦੀ ਸਾਲਾਨਾ ਵਿਕਾਸ ਦਰ ਨਾਲ ਦੇਸ਼ ਦੀ ਆਰਥਿਕਤਾ ‘ਚ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੈਮੀਕੰਡਕਟਰ ਉਦਯੋਗ ਇਲੈਕਟ੍ਰਾਨਿਕਸ, ਆਟੋਮੋਟਿਵ, ਉਦਯੋਗਿਕ ਆਟੋਮੇਸ਼ਨ, ਦੂਰਸੰਚਾਰ, ਏਰੋਸਪੇਸ ਤੇ ਰੱਖਿਆ, ਊਰਜਾ ਤੇ ਬਿਜਲੀ, ਮੈਡੀਕਲ ਉਪਕਰਣ, ਡੇਟਾ ਸੈਂਟਰ ਤੇ ਕਲਾਉਡ ਕੰਪਿਊਟਿੰਗ, ਸਮਾਰਟ ਉਪਕਰਣ, ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਹੋਰ ਬਹੁਤ ਸਾਰੇ ਖੇਤਰਾਂ ਲਈ ਬਹੁਤ ਮਹੱਤਵਪੂਰਨ ਹੈ।
ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸੈਮੀਕੰਡਕਟਰਾਂ ਲਈ ਇੱਕ ਪ੍ਰਮੁੱਖ ਕੇਂਦਰ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ, ਜਿਸ ‘ਚ ਫੈਬਰੀਕੇਸ਼ਨ ਯੂਨਿਟਾਂ, ਚਿੱਪ ਡਿਜ਼ਾਈਨ, ਇਲੈਕਟ੍ਰਾਨਿਕ ਡਿਜ਼ਾਈਨ ਆਟੋਮੇਸ਼ਨ (ਈਡੀਏ) ਸੇਵਾਵਾਂ ਤੇ ਸਬੰਧਤ ਖੇਤਰਾਂ ‘ਚ ਸਮਰੱਥਾਵਾਂ ਵਧ ਰਹੀਆਂ ਹਨ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ‘ਚ ਇਸ ਖੇਤਰ ‘ਚ ਅਥਾਹ ਸੰਭਾਵਨਾਵਾਂ ਹਨ ਅਤੇ ਸੂਬਾ ਸਰਕਾਰ ਇਨ੍ਹਾਂ ਸੰਭਾਵਨਾਵਾਂ ਦਾ ਪੂਰਾ ਲਾਭ ਉਠਾਉਣ ਲਈ ਦ੍ਰਿੜ ਹੈ ਤਾਂ ਜੋ ਪੰਜਾਬ ਨੂੰ ਤੇਜ਼ੀ ਨਾਲ ਆਰਥਿਕ ਵਿਕਾਸ ਦੇ ਰਾਹ ‘ਤੇ ਪਾਇਆ ਜਾ ਸਕੇ।
ਮੁੱਖ ਮੰਤਰੀ ਨੇ ਉਦਯੋਗ ਨੂੰ ਪੂਰਾ ਸਮਰਥਨ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ, ਜਿਸ ‘ਚ ਮੋਹਾਲੀ ਤੇ ਇਸ ਦੇ ਆਲੇ-ਦੁਆਲੇ ਇੱਕ ਸਮਰਪਿਤ ਸੈਮੀਕੰਡਕਟਰ ਪਾਰਕ ਸਥਾਪਤ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ‘ਚ ਉਦਯੋਗ ਲਈ ਅਨੁਕੂਲ ਵਾਤਾਵਰਣ, ਹੁਨਰਮੰਦ ਮਨੁੱਖੀ ਸਰੋਤ ਤੇ ਹੋਰ ਸਹੂਲਤਾਂ ਹਨ, ਜਿਸ ਨਾਲ ਇਹ ਸੈਮੀਕੰਡਕਟਰ ਨਿਵੇਸ਼ ਲਈ ਇੱਕ ਆਦਰਸ਼ ਸਥਾਨ ਹੈ।
ਸੀਐਮ ਭਗਵੰਤ ਮਾਨ ਨੇ ਕਿਹਾ ਕਿ ਇਹ ਉਦਯੋਗ ਨਾ ਸਿਰਫ਼ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਬਲਕਿ ਨੌਜਵਾਨਾਂ ਲਈ ਬਿਹਤਰ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰੇਗਾ। ਉਦਯੋਗ ਮੰਤਰੀ ਸੰਜੀਵ ਅਰੋੜਾ, ਉਦਯੋਗ ਸਕੱਤਰ ਕੇ.ਕੇ. ਯਾਦਵ, ‘ਇਨਵੈਸਟ ਪੰਜਾਬ’ ਦੇ ਸੀਈਓ ਅਮਿਤ ਢਾਕਾ ਤੇ ਹੋਰ ਸੀਨੀਅਰ ਅਧਿਕਾਰੀ ਵੀ ਇਸ ਮੌਕੇ ਮੌਜੂਦ ਸਨ।

## ਫਰੀਦਕੋਟ ਪੁਲਿਸ ਅਤੇ ਗੈਂਗਸਟਰ ਲੱਕੀ ਪਟਿਆਲ ਦੇ ਗੁਰਗੇ ਵਿਚਕਾਰ ਮੁਠਭੇੜ-ਗੋਲੀ ਸਿੱਧੀ ਲੱਤ ਚ



ਫਰੀਦਕੋਟ 'ਚ ਅੱਜ ਦਿਨ ਚੜ੍ਹਦੇ ਹੀ ਫਰੀਦਕੋਟ ਪੁਲਿਸ ਅਤੇ ਗੈਂਗਸਟਰ ਲੱਕੀ ਪਟਿਆਲ ਦੇ ਗੁਰਗੇ ਵਿਚਕਾਰ ਮੁਠਭੇੜ ਹੋਈ। ਜਿਸ ਵਿੱਚ ਲੱਕੀ ਪਟਿਆਲ ਦਾ ਗੁਰਗਾ ਜ਼ਖਮੀ ਹੋ ਗਿਆ ਹੈ। ਜਿਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ। ਜ਼ਖਮੀ ਹੋਇਆ ਗੈਂਗਸਟਰ ਪਿੰਡ ਬਾਹਮਣ ਵਾਲਾ ਵਿਚ ਹੋਏ ਕਤਲ ਮਾਮਲੇ ਵਿਚ ਮੁੱਖ ਸ਼ੂਟਰ ਹੈ। ਜਿਸ ਨੂੰ ਹਰਿਆਣਾ ਤੋਂ ਗ੍ਰਿਫ਼ਤਾਰ ਕੀਤੇ ਜਾਣ ਦੇ ਬਾਅਦ ਫਰੀਦਕੋਟ ਪੁਲਿਸ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਬਰਾਮਦ ਕਰਵਾਉਣ ਲਈ ਬੀੜ ਸਿੱਖਾਂ ਵਾਲਾ ਵਿਖੇ ਲੈ ਕੇ ਗਈ ਸੀ। ।ਜਾਣਕਾਰੀ ਦਿੰਦਿਆ SSP ਫਰੀਦਕੋਟ ਡਾਕਟਰ ਪ੍ਰਗਿਆ ਜੈਨ ਨੇ ਦੱਸਿਆ ਕਿ ਬੀਤੇ ਦਿਨੀ ਜੋ ਜਿਲ੍ਹੇ ਦੇ ਪਿੰਡ ਬਾਹਮਣ ਵਾਲਾ ਵਿਚ 3 ਮੋਟਰਸਾਈਕਲ ਸਵਾਰ ਲੋਕਾਂ ਵਲੋਂ ਇਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਹਨਾਂ ਵਿਚੋਂ ਮੁੱਖ ਸ਼ੂਟਰ ਚਿੰਕੀ ਨੂੰ ਪੁਲਿਸ ਨੇ ਹਰਿਆਣਾ ਤੋਂ ਗਿਰਫ਼ਤਾਰ ਕੀਤਾ ਸੀ ਅਤੇ ਉਸ ਦੀ ਨਿਸ਼ਾਨ ਦੇਹੀ 'ਤੇ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਜੋ ਬੀੜ ਸਿਖਾਂ ਵਾਲਾ ਵਿਖੇ ਇਹਨਾਂ ਨੇ ਝਾੜੀਆਂ ਵਿਚ ਛੁਪਾ ਕੇ ਰੱਖਿਆ ਸੀ ਨੂੰ ਬਰਾਮਦ ਕਰਵਾਉਣ ਲਈ ਇਥੇ ਲੈਕੇ ਆਏ ਸੀ। ਇਸ ਨੇ ਇਥੇ ਆ ਕੇ ਮੋਟਰਸਾਈਕਲ ਵਿਚ ਛੁਪਾ ਕੇ ਰੱਖੇ ਪਿਸਟਲ ਨਾਲ ਪੁਲਿਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ ਅਤੇ ਪੁਲਿਸ ਹਿਰਾਸਤ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ। ਉਹਨਾਂ ਦੱਸਿਆ ਕਿ ਪੁਲਿਸ ਪਾਰਟੀ ਵਲੋਂ ਕੀਤੀ ਗਈ ਜਵਾਬੀ ਕਾਰਵਾਈ ਵਿਚ ਗੈਂਗਸਟਰ ਚਿੰਕੀ ਦੇ ਲੱਤ ਵਿਚ ਗੋਲੀ ਲੱਗੀ ਹੈ,ਜਿਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜੋ ਅਸਲਾ ਇਸ ਤੋਂ ਬਰਾਮਦ ਹੋਇਆ,ਇਸ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕੀ ਇਹੀ ਅਸਲਾ ਬਾਹਮਣ ਵਾਲਾ ਕਤਲ ਮਾਮਲੇ ਵਿਚ ਵੀ ਵਰਤਿਆ ਗਿਆ ਹੈ ਕਿ ਨਹੀਂ।

**“Printed, Published and Owned by Editor Parveen Komal at Shaheed e Azam Printing Press opposite Gurdwara sri Dukhniwaran sahib, Sarhind road Patiala. Published from 103/4 Old bishan Nagar Patiala. Registered with the RNI under Registration Number 51405/91. Language: Punjabi. Periodicity: Weekly”**

# ਰਾਜਸਥਾਨ ਵਿੱਚ ਜੂਡੀਸ਼ੀਅਲ ਸਰਵਿਸਿਜ਼ ਦੀ ਭਰਤੀ ਪ੍ਰੀਖਿਆ ਵਿੱਚ ਪੰਜਾਬ ਦੀ ਅੰਮ੍ਰਿਤਧਾਰੀ ਕੁੜੀ ਨੂੰ 'ਰੋਕਣ' ਦਾ ਮਾਮਲਾ ਭਖਿਆ ਯੂਨੀਵਰਸਿਟੀ ਨੇ ਆਖਿਆ ਅਸੀਂ ਕੋਰਟ ਦੇ ਨਿਯਮਾਂ ਦੀ ਪਾਲਨਾ ਕੀਤੀ








ਤਰਨਤਾਰਨ ਦੇ ਪਿੰਡ ਫੇਲੋਕੇ ਦੀ ਰਹਿਣ ਵਾਲੀ ਇੱਕ ਅੰਮ੍ਰਿਤਧਾਰੀ ਕੁੜੀ ਗੁਰਪ੍ਰੀਤ ਕੌਰ ਨੇ ਇਲਜ਼ਾਮ ਲਗਾਇਆ ਹੈ ਕਿ ਉਸ ਨੂੰ ਰਾਜਸਥਾਨ ਜੂਡੀਸ਼ੀਅਲ ਸਰਵਿਸਿਜ਼ ਦੀ ਭਰਤੀ ਪ੍ਰੀਖਿਆ ਵਿੱਚ ਬੈਠਣ ਨਹੀਂ ਦਿੱਤਾ ਗਿਆ। ਇਸ ਸਬੰਧੀ ਕੁੜੀ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਇਹ ਦਾਅਵਾ ਕਰ ਰਹੀ ਹੈ ਕਿ ਉਸ ਨੂੰ ਕੜਾ ਅਤੇ ਕਿਰਪਾਨ ਪਾ ਕੇ ਇਮਤਿਹਾਨ ਵਿੱਚ ਬੈਠਣ ਤੋਂ ਰੋਕਿਆ ਗਿਆ।

ਪ੍ਰੀਖਿਆ ਸੈਂਟਰ ਦੇ ਬਾਹਰ ਬਣੀ ਵੀਡੀਓ ਵਿੱਚ ਕੁੜੀ ਬੋਲਦੀ ਦਿਖਾਈ ਦੇ ਰਹੀ ਹੈ, ਹਾਲਾਂਕਿ ਉਸਦਾ ਚਿਹਰਾ ਨਜ਼ਰ ਨਹੀਂ ਆ ਰਿਹਾ।

ਉਸਦਾ ਕਹਿਣਾ ਹੈ, ''ਆਰਟੀਕਲ ੨੫ ਵਿੱਚ ਲਿਖਿਆ ਹੈ ਕਿ ਮੈਂ ਕਿਰਪਾਨ ਲਿਜਾ ਸਕਦੀ ਹਾਂ ਪਰ ਇਸ ਇਮਤਿਹਾਨ ਲਈ ਮੈਨੂੰ ਕਿਹਾ ਜਾ ਰਿਹਾ ਹੈ ਕਿ ਹਾਈਕੋਰਟ ਦੇ ਖ਼ਾਸ ਆਦੇਸ਼ ਹਨ ਕਿ ਕਿਰਪਾਨ ਜਾਂ ਕੜਾ ਕੁਝ ਵੀ ਲਿਜਾਇਆ ਨਹੀਂ ਜਾ ਸਕਦਾ।''

ਵੀਡੀਓ ਵਿੱਚ ਕੁੜੀ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ, ''੧੦ ਵਜੇ ਪੇਪਰ ਸ਼ੁਰੂ ਹੋਣਾ ਸੀ, ਸਵਾ ੯ ਵਜੇ ਐਂਟਰੀ ਸ਼ੁਰੂ ਹੋਣੀ ਸੀ ਅਤੇ ਮੈਂ ਸਭ ਤੋਂ ਪਹਿਲਾ ਆ ਕੇ ਲਾਈਨ ਵਿੱਚ ਖੜ੍ਹੀ ਸੀ। ਮੈਂ ਸਭ ਤੋਂ ਪਹਿਲਾਂ ਅੰਦਰ ਗਈ ਅਤੇ ਮੈਨੂੰ ਸਭ ਤੋਂ ਪਹਿਲਾਂ ਬਾਹਰ ਕੀਤਾ ਗਿਆ ਹੈ।''

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਧਾਰਮਿਕ ਅਤੇ ਸਿਆਸੀ ਹਲਕਿਆਂ ਵੱਲੋਂ ਵੀ ਪ੍ਰਤੀਕਰਮ ਆਏ ਹਨ।

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਦਾ ਨੋਟਿਸ ਲਿਆ ਹੈ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਿਆਨ ਜਾਰੀ ਕਰਦਿਆਂ ਇਸ ਨੂੰ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਵਿਤਕਰਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੁਨੀਆ ਅੰਦਰ ਕਿਸ ਨੂੰ ਨਹੀਂ ਪਤਾ ਕਿ ਅੰਮ੍ਰਿਤਧਾਰੀ ਸਿੱਖ ਕਕਾਰ ਵਜੋਂ ਕਿਰਪਾਨ ਪਾਉਂਦੇ ਹਨ, ਪਰ ਦੇਸ਼ ਅੰਦਰ ਵਾਰ-ਵਾਰ ਸਿੱਖਾਂ ਨੂੰ ਉਨ੍ਹਾਂ ਦੀ ਵੱਖਰੀ ਪਛਾਣ ਅਤੇ ਧਾਰਮਿਕ ਅਕੀਦਿਆਂ ਕਾਰਨ ਜਾਣਬੁਝ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਤਾਜ਼ਾ ਮਾਮਲੇ ਅਤੇ ਪਿਛਲੇ ਮਾਮਲਿਆਂ ਨੂੰ ਲੈ ਕੇ ਤੁਰੰਤ ਹੀ ਇੱਕ ਉੱਚ ਪੱਧਰੀ ਸਾਂਝਾ ਵਫ਼ਦ ਤਿਆਰ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਹਾਈ ਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰੇ।

ਇਸ ਦੇ ਨਾਲ ਹੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰੀ ਵੱਲੋਂ ਇਸ ਸਬੰਧੀ ਵੇਰਵੇ ਭਾਰਤ ਸਰਕਾਰ ਦੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨਾਲ ਵੀ ਸਾਂਝੇ ਕੀਤੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਉੱਪਰ ਇਸ ਮਾਮਲੇ ਨੂੰ ਚਿੰਤਾਜਨਕ ਅਤੇ ਨਿੰਦਣਯੋਗ ਦੱਸਿਆ ਹੈ।

ਉਨ੍ਹਾਂ ਲਿਖਿਆ, ''ਤਰਨਤਾਰਨ ਸਾਹਿਬ ਜ਼ਿਲ੍ਹੇ ਦੀ ਇੱਕ ਅੰਮ੍ਰਿਤਧਾਰੀ ਸਿੱਖ ਬੱਚੀ, ਗੁਰਪ੍ਰੀਤ ਕੌਰ ਨੂੰ ਪੂਰਨਿਮਾ ਯੂਨੀਵਰਸਿਟੀ, ਜੈਪੁਰ ਵਿਖੇ ਹੋ ਰਹੀ ਰਾਜਸਥਾਨ ਜੂਡੀਸ਼ੀਅਲ ਸਰਵਿਸਿਜ਼ ਦੀ ਪ੍ਰੀਖਿਆ ਵਿੱਚ ਸਿਰਫ਼ ਆਪਣੇ ਧਰਮਿਕ ਚਿੰਨ੍ਹ 'ਕੜਾ' ਅਤੇ 'ਕਿਰਪਾਨ' ਧਾਰਨ ਕੀਤੇ ਹੋਣ ਕਰਕੇ ਪ੍ਰੀਖਿਆ ਵਿੱਚ ਬੈਠਣ ਤੋਂ ਰੋਕ ਦਿੱਤਾ ਗਿਆ। ''

ਉਨ੍ਹਾਂ ਅੱਗੇ ਲਿਖਿਆ, ''ਮੈਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਾ ਹਾਂ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਸ਼੍ਰੀ ਭਜਨ ਲਾਲ ਜੀ ਨੂੰ ਅਪੀਲ ਕਰਦਾ ਹਾਂ ਕਿ ਤੁਰੰਤ ਇਸ ਮਾਮਲੇ 'ਚ ਦਖ਼ਲ ਦੇ ਕੇ ਇਸ ਘਟਨਾ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਨੂੰ ਇਹੋ ਜਿਹੀ ਤਕਲੀਫ਼ ਨਾ ਝੱਲਣੀ ਪਵੇ।''

ਫ਼ਰੀਦਕੋਟ ਤੋਂ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉੱਤੇ ਲਿਖਿਆ, ''ਸਾਡਾ ਸੰਵਿਧਾਨ ਸਾਨੂੰ ਆਪਣੇ ਧਾਰਮਿਕ ਚਿੰਨ੍ਹ ਪਹਿਨਣ ਦੀ ਸਪੱਸ਼ਟ ਤੌਰ 'ਤੇ ਆਗਿਆ ਦਿੰਦਾ ਹੈ। ਹਰ ਕੋਈ ਅੰਮ੍ਰਿਤਧਾਰੀ ਸਿੱਖ ਲਈ 'ਕੜੇ' ਅਤੇ 'ਕਿਰਪਾਨ' ਦੀ ਮਹੱਤਤਾ ਨੂੰ ਸਮਝਦਾ ਹੈ। ਫਿਰ ਵੀ, ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।''

ਇਸ ਮਸਲੇ ਉੱਤੇ ਪੂਰਨਿਮਾ ਯੂਨੀਵਰਸਿਟੀ, ਜੈਪੂਰ ਦੇ ਰਜਿਸਟਰਾਰ ਡਾ. ਦੇਵੇਂਦਰ ਸੋਮਵੰਸ਼ੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ, ''ਸਿੱਖ ਭਾਈਚਾਰੇ ਦੇ ਪੰਜ ਉਮੀਦਵਾਰ ਪ੍ਰੀਖਿਆ ਦੇਣ ਲਈ ਉੱਥੇ ਪਹੁੰਚੇ ਸਨ, ਇਨ੍ਹਾਂ ਵਿੱਚੋਂ ਇੱਕ ਲੜਕੀ ਵੀ ਸੀ। ਗੇਟ 'ਤੇ ਡਿਊਟੀ ਉੱਪਰ ਤਾਇਨਾਤ ਸਟਾਫ਼ ਦੇ ਸਮਝਾਉਣ ਤੋਂ ਬਾਅਦ ਚਾਰੇ ਨੌਜਵਾਨਾਂ ਨੇ ਆਪਣੀਆਂ ਕਿਰਪਾਨਾਂ ਅਤੇ ਕੜੇ ਉਤਾਰ ਕੇ ਮੰਦਰ ਵਿੱਚ ਰੱਖ ਦਿੱਤੇ ਅਤੇ ਪ੍ਰੀਖਿਆ ਦੇਣ ਲਈ ਸੈਂਟਰ ਵਿੱਚ ਦਾਖਲ ਹੋਏ। ਪਰ, ਇੱਕ ਕੁੜੀ ਨੇ ਉਨ੍ਹਾਂ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰੀਖਿਆ ਨਹੀਂ ਦਿੱਤੀ। ਇਹ ਨਿਯਮ ਯੂਨੀਵਰਸਿਟੀ ਵੱਲੋਂ ਨਹੀਂ ਸਗੋਂ ਜੋਧਪੁਰ ਹਾਈ ਕੋਰਟ ਦੀ ਪ੍ਰੀਖਿਆ ਕਰਵਾਉਣ ਵਾਲਿਆਂ ਵੱਲੋਂ ਨਿਰਧਾਰਤ ਕੀਤੇ ਗਏ ਸਨ। ਇਹ ਨਿਯਮ ਸਾਰਿਆਂ 'ਤੇ ਬਰਾਬਰ ਲਾਗੂ ਹੁੰਦੇ ਹਨ। ਉਦਾਹਰਣ ਵਜੋਂ, ਜੇਕਰ ਕੋਈ ਮੁਸਲਮਾਨ ਭਾਈਚਾਰੇ ਤੋਂ ਹੈ ਅਤੇ ਤਵੀਤ ਪਾਇਆ ਹੈ, ਤਾਂ ਇਸਦੀ ਵੀ ਇਜਾਜ਼ਤ ਨਹੀਂ ਹੈ। ਸਾਰਿਆਂ ਲਈ ਇੱਕੋ ਜਿਹੇ ਨਿਯਮ ਹਨ। ਉਮੀਦਵਾਰ ਨਿਯਮ ਜਾਣਦੇ ਹਨ।"

ਉਨ੍ਹਾਂ ਦੱਸਿਆ ਕਿ , "ਹਾਈ ਕੋਰਟ ਦੇ ਜਿਸ ਜੱਜ ਨੂੰ ਦਾਖਲਾ ਪ੍ਰੀਖਿਆ ਲਈ ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਸੀ, ਇਹ ਕੁੜੀ ਉਨ੍ਹਾਂ ਨਾਲ ਵੀ ਮੁਲਾਕਾਤ ਕਰਕੇ ਗਈ ਹੈ।"

# ਇੱਕ ਸਾਲ ਦਾ ਬੱਚਾ ਕੋਬਰਾ ਸੱਪ ਦੇ ਫ਼ਨ ਨੂੰ ਦੰਦਾਂ ਨਾਲ ਵੱਢਕੇ ਖਾ ਗਿਆ, ਬੇਚਾਰੇ ਸੱਪ ਦੀ ਹੋਈ ਮੌਤ







ਬਿਹਾਰ ਦੇ ਪੱਛਮੀ ਚੰਪਾਰਣ ਜ਼ਿਲ੍ਹੇ ਦੇ ਬੇਤੀਆ ਵਿੱਚ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਸਾਲ ਦੇ ਬੱਚੇ ਨੇ ਕਥਿਤ ਤੌਰ 'ਤੇ ਆਪਣੇ ਦੰਦਾਂ ਨਾਲ ਸੱਪ ਨੂੰ ਵੱਢ ਲਿਆ, ਜਿਸ ਤੋਂ ਬਾਅਦ ਸੱਪ ਦੀ ਮੌਤ ਹੋ ਗਈ। ਬੱਚੇ ਦੇ ਪਰਿਵਾਰ ਦਾ ਦਾਅਵਾ ਹੈ ਕਿ ਇਹ ਇੱਕ ਜ਼ਹਿਰੀਲਾ ਕੋਬਰਾ ਸੱਪ ਸੀ।

ਇਸ ਘਟਨਾ ਤੋਂ ਬਾਅਦ, ਇਹ ਬੱਚਾ ਸਥਾਨਕ ਲੋਕਾਂ ਲਈ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ। ਬੱਚਾ ਇਸ ਸਮੇਂ ਸਿਹਤਮੰਦ ਹੈ।

ਬੇਤੀਆ ਦੇ ਮਝੌਲੀਆ ਬਲਾਕ ਵਿੱਚ ਮੋਹਛੀ ਬਨਕਟਵਾ ਨਾਮ ਦਾ ਇੱਕ ਪਿੰਡ ਹੈ। ਇਸ ਪਿੰਡ ਦੇ ਵਸਨੀਕ ਸੁਨੀਲ ਸਾਹ ਆਈਸਕ੍ਰੀਮ ਵੇਚ ਕੇ ਰੋਜ਼ੀ-ਰੋਟੀ ਕਮਾਉਂਦੇ ਹਨ। ਸੁਨੀਲ ਸਾਹ ਦਾ ਇੱਕ ਸਾਲ ਦਾ ਪੁੱਤਰ ਹੈ - ਗੋਵਿੰਦ ਕੁਮਾਰ। ਗੋਵਿੰਦ ਨੇ ਹੀ ਆਪਣੇ ਦੰਦਾਂ ਨਾਲ ਸੱਪ ਨੂੰ ਵੱਢਿਆ ਹੈ।

ਗੋਵਿੰਦ ਕੁਮਾਰ ਦੇ ਦਾਦੀ ਮਤਿਸਰੀ ਦੇਵੀ ਨੇ ਕਿਹਾ, "ਇਸਦੀ ਮਾਂ ਘਰ ਦੇ ਪਿੱਛੇ ਕੰਮ ਕਰ ਰਹੀ ਸੀ। ਉਹ ਲੱਕੜਾਂ ਨੂੰ ਸਹੀ ਢੰਗ ਨਾਲ ਲਗਾ ਰਹੀ ਸੀ। ਅਚਾਨਕ ਇੱਕ ਸੱਪ ਨਿਕਲ ਆਇਆ। ਗੋਵਿੰਦ ਉੱਥੇ ਹੀ ਬੈਠਾ ਖੇਡ ਰਿਹਾ ਸੀ। ਇਸਨੇ ਸੱਪ ਨੂੰ ਦੇਖਿਆ ਤਾਂ ਉਸ ਨੂੰ ਫੜ੍ਹ ਕੇ ਦੰਦਾਂ ਨਾਲ ਕੱਟ ਲਿਆ। ਸਾਡੀ ਨਜ਼ਰ ਉਦੋਂ ਪਈ। ਉਹ ਕੋਬਰਾ ਸੱਪ ਸੀ। ਸੱਪ ਨੂੰ ਦੰਦਾਂ ਨਾਲ ਕੱਟਣ ਤੋਂ ਬਾਅਦ ਬੱਚਾ ਕੁਝ ਸਮੇਂ ਲਈ ਬੇਹੋਸ਼ ਹੋ ਗਿਆ, ਫਿਰ ਅਸੀਂ ਇਸ ਨੂੰ ਮੰਝੌਲੀਆ ਮੁੱਢਲਾ ਸਿਹਤ ਕੇਂਦਰ ਲੈਕੇ ਗਏ ਜਿੱਥੋਂ ਉਸਨੂੰ ਬੇਤੀਆ ਹਸਪਤਾਲ (ਸਰਕਾਰੀ ਮੈਡੀਕਲ ਕਾਲਜ, ਜੀਐਮਸੀਐਚ) ਰੈਫਰ ਕਰ ਦਿੱਤਾ ਗਿਆ। ਬੱਚਾ ਹੁਣ ਤੰਦਰੁਸਤ ਹੈ।" ਬੱਚਾ ਸ਼ਨੀਵਾਰ ਸ਼ਾਮ ਨੂੰ ਘਰ ਆ ਗਿਆ ਸੀ। ਉਸ ਬਾਰੇ ਲਗਾਤਾਰ ਚਰਚਾ ਹੋ ਰਹੀ ਹੈ। ਸਾਵਣ ਦੇ ਮਹੀਨੇ ਸੱਪ ਨਿਕਲਣਾ ਇੱਕ ਆਮ ਗੱਲ ਹੈ। ਪਰ ਇਸ ਇਲਾਕੇ ਵਿੱਚ ਅਜਿਹੀ ਘਟਨਾ ਪਹਿਲੀ ਵਾਰ ਵਾਪਰੀ ਹੈ। ਉਸਦਾ ਇਲਾਜ ਕਰਨ ਵਾਲੇ ਡਾਕਟਰ ਕੁਮਾਰ ਸੌਰਭ ਜੋ ਕਿ ਬਾਲ ਰੋਗ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਹਨ, ਨੇ ਦੱਸਿਆ, "ਜਦੋਂ ਬੱਚਾ ਦਾਖਲ ਹੋਣ ਆਇਆ ਸੀ, ਤਾਂ ਉਸਦਾ ਚਿਹਰਾ ਸੁੱਜਿਆ ਹੋਇਆ ਸੀ, ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸਨੇ ਸੱਪ ਨੂੰ ਮੂੰਹ ਦੇ ਨੇੜੇ ਵੱਢਿਆ ਸੀ ਅਤੇ ਉਸਦੇ ਫ਼ਨ ਕੁਝ ਹਿੱਸਾ ਖਾ ਲਿਆ। ਮੇਰੇ ਕੋਲ ਇੱਕੋ ਸਮੇਂ ਦੋ ਤਰ੍ਹਾਂ ਦੇ ਮਾਮਲੇ ਆਏ ਸਨ। ਇੱਕ ਬੱਚਾ ਜਿਸਨੂੰ ਕੋਬਰਾ ਨੇ ਡੰਗ ਮਾਰਿਆ ਸੀ ਅਤੇ ਦੂਜਾ ਬੱਚਾ ਜਿਸਨੇ ਕੋਬਰਾ ਨੂੰ ਵੱਢ ਲਿਆ ਸੀ। ਇਹ ਦੋਵੇਂ ਬੱਚੇ ਪੂਰੀ ਤਰ੍ਹਾਂ ਤੰਦਰੁਸਤ ਹਨ।"

# 61 ਸਾਲਾ ਵਿਅਕਤੀ ਦੀ ਐੱਮ ਆਰ ਆਈ ਮਸ਼ੀਨ ਵਿੱਚ ਖਿੱਚੇ ਜਾਣ ਕਾਰਨ ਮੌਤ



ਨਿਊਯਾਰਕ ਦੇ ਇੱਕ ਮੈਡੀਕਲ ਸੈਂਟਰ ਵਿੱਚ ਇੱਕ ੬੧ ਸਾਲਾ ਵਿਅਕਤੀ ਦੀ ਐੱਮਆਰਆਈ ਮਸ਼ੀਨ ਵਿੱਚ ਖਿੱਚੇ ਜਾਣ ਕਾਰਨ ਮੌਤ ਹੋ ਗਈ ਹੈ।

ਇਹ ਵਿਅਕਤੀ ਭਾਰੀ ਧਾਤ ਦੀ ਚੇਨ ਪਹਿਨ ਕੇ ਮਸ਼ੀਨ ਦੇ ਨੇੜੇ ਗਿਆ ਸੀ। ਚੁੰਬਕੀ ਸ਼ਕਤੀ ਕਾਰਨ ਮਸ਼ੀਨ ਨੇ ਆਦਮੀ ਨੂੰ ਅੰਦਰ ਖਿੱਚ ਲਿਆ।

ਸਥਾਨਕ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਨਾਸਾਓ ਓਪਨ ਐਮਆਰਆਈ ਸੈਂਟਰ ਵਿੱਚ ਵਾਪਰੀ।

ਪੁਲਿਸ ਮੁਤਾਬਕ ਉਹ ਵਿਅਕਤੀ ਬਿਨ੍ਹਾਂ ਇਜਾਜ਼ਤ ਦੇ ਕਮਰੇ ਵਿੱਚ ਦਾਖਲ ਹੋ ਗਿਆ ਜਿੱਥੇ ਮਰੀਜ਼ਾਂ ਦੀ ਐੱਮਆਰਆਈ ਕੀਤੀ ਜਾਂਦੀ ਹੈ।

ਉਸ ਆਦਮੀ ਦੀ ਪਤਨੀ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਉਹ ਆਪਣੀ ਸਕੈਨ ਕਰਵਾਉਣ ਲਈ ਐੱਮਆਰਆਈ ਰੂਮ ਵਿੱਚ ਗਈ ਸੀ। ਸਕੈਨ ਹੋਣ ਤੋਂ ਬਾਅਦ ਉਸਨੇ ਆਪਣੇ ਪਤੀ ਨੂੰ ਅੰਦਰ ਬੁਲਾਇਆ ਪਰ ਜਿਵੇਂ ਹੀ ਉਹ ਕਮਰੇ ਵਿੱਚ ਦਾਖਲ ਹੋਇਆ, ਉਸਦੇ ਗਲੇ ਵਿੱਚ ਧਾਤ ਦੀ ਚੇਨ ਸੀ ਜੋ ਮਸ਼ੀਨ ਵੱਲ ਖਿੱਚੀ ਗਈ ਅਤੇ ਉਸ ਨਾਲ ਵਿਅਕਤੀ ਵੀ ਜ਼ਬਰਦਸਤੀ ਮਸ਼ੀਨ ਵੱਲ ਖਿੱਚਿਆ ਗਿਆ।

ਐੱਮਆਰਆਈ ਮਸ਼ੀਨਾਂ ਸਰੀਰ ਦੇ ਅੰਦਰਲੇ ਹਿੱਸੇ ਦੀਆਂ ਵਿਸਤ੍ਰਿਤ ਤਸਵੀਰਾਂ ਲੈਣ ਲਈ ਬਹੁਤ ਸ਼ਕਤੀਸ਼ਾਲੀ ਚੁੰਬਕੀ ਖੇਤਰਾਂ ਦੀ ਵਰਤੋਂ ਕਰਦੀਆਂ ਹਨ। ਸਕੈਨ ਤੋਂ ਪਹਿਲਾਂ ਮਰੀਜ਼ਾਂ ਨੂੰ ਆਮ ਤੌਰ 'ਤੇ ਸਾਰੀਆਂ ਧਾਤ ਦੀਆਂ ਵਸਤੂਆਂ ਨੂੰ ਉਤਾਰਣ ਅਤੇ ਆਪਣੇ ਕੱਪੜੇ ਬਦਲਣ ਲਈ ਕਿਹਾ ਜਾਂਦਾ ਹੈ।

ਮਾਮਲੇ ਦੀ ਜਾਂਚ ਕਰਨ ਵਾਲੇ ਨਾਸਾਓ ਕਾਉਂਟੀ ਪੁਲਿਸ ਵਿਭਾਗ ਨੇ ਕਿਹਾ, "ਉਸ ਆਦਮੀ ਨੇ ਆਪਣੇ ਗਲੇ ਵਿੱਚ ਭਾਰੀ ਧਾਤ ਦੀ ਚੇਨ ਪਾਈ ਹੋਈ ਸੀ, ਜਿਸ ਕਾਰਨ ਉਸਨੂੰ ਐੱਮਆਰਆਈ ਮਸ਼ੀਨ ਵੱਲ ਖਿੱਚਿਆ ਗਿਆ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ।" ਪੁਲਿਸ ਨੇ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਹੈ।

# ਪੰਜਾਬ ਪੁਲਿਸ ਨੇ ਆਧੁਨਿਕ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦਾ ਵੱਡਾ ਸਰਹੱਦ ਪਾਰ ਤਸਕਰੀ ਨੈੱਟਵਰਕ ਕੀਤਾ ਤਬਾਹ






ਪੰਜਾਬ ਦੇ ਡੀ ਜੀ ਪੀ ਸ੍ਰੀ ਗੌਰਵ ਯਾਦਵ ਨੇ ਦੱਸਿਆ ਕਿ ਇੱਕ ਮਹੱਤਵਪੂਰਨ ਸਫਲਤਾ ਵਿੱਚ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਨਾਲ ਨੇੜਿਓਂ ਤਾਲਮੇਲ ਕਰਕੇ, ਪਾਕਿਸਤਾਨੀ ਆਈਐਸਆਈ ਸਮਰਥਿਤ ਹੈਂਡਲਰਾਂ ਦੁਆਰਾ ਚਲਾਏ ਜਾ ਰਹੇ ਆਧੁਨਿਕ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਪੈਸੇ ਦੇ ਇੱਕ ਵੱਡੇ ਸਰਹੱਦ ਪਾਰ ਤਸਕਰੀ ਨੈੱਟਵਰਕ ਨੂੰ ਤਬਾਹ ਕਰ ਦਿੱਤਾ ਹੈ।

ਇਸ ਕਾਰਵਾਈ ਦੇ ਨਤੀਜੇ ਵਜੋਂ ਪੰਜ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ — ਜ਼ਬਤ ਕੀਤੇ ਗਏ ਸਾਮਾਨ ਵਿੱਚ ਇੱਕ ਏਕੇ ਸੈਗਾ 308 ਅਸਾਲਟ ਰਾਈਫਲ 2 ਮੈਗਜ਼ੀਨਾਂ ਦੇ ਨਾਲ, ਦੋ ਗਲੌਕ ਪਿਸਤੌਲ 9 ਐਮਐਮ 4 ਮੈਗਜ਼ੀਨਾਂ ਦੇ ਨਾਲ, ਏਕੇ ਰਾਈਫਲ ਦੇ 90 ਜ਼ਿੰਦਾ ਕਾਰਤੂਸ, 10 ਜ਼ਿੰਦਾ ਕਾਰਤੂਸ (9 ਐਮਐਮ), 7.50 ਲੱਖ ਰੁਪਏ ਦੀ ਡਰੱਗ ਮਨੀ, ਇੱਕ ਕਾਰ ਅਤੇ ੩ ਮੋਬਾਈਲ ਫੋਨ ਸ਼ਾਮਲ ਹਨ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਮੁਲਜ਼ਮਾਂ ਦੇ ਪਾਕਿਸਤਾਨ-ਅਧਾਰਤ ਆਈਐਸਆਈ ਸੰਚਾਲਕਾਂ ਨਾਲ ਸਿੱਧੇ ਸਬੰਧ ਸਨ। ਰੋਕੀ ਗਈ ਖੇਪ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਜਾਣੇ-ਪਛਾਣੇ ਸਾਥੀ ਨਵ ਉਰਫ ਨਵ ਪੰਡੋਰੀ ਨੂੰ ਪਹੁੰਚਾਉਣ ਦਾ ਇਰਾਦਾ ਸੀ, ਜੋ ਕਿ ਇੱਕ ਵਿਸ਼ਾਲ ਅੱਤਵਾਦੀ-ਗੈਂਗਸਟਰ ਗਠਜੋੜ ਨੂੰ ਦਰਸਾਉਂਦਾ ਹੈ।

ਸੂਬੇ ਭਰ ਵਿੱਚ ਅੱਤਵਾਦੀ ਨੈੱਟਵਰਕਾਂ ਨੂੰ ਖਤਮ ਕਰਨ, ਸੰਗਠਿਤ ਅਪਰਾਧ ਨੂੰ ਖਤਮ ਕਰਨ ਅਤੇ ਸ਼ਾਂਤੀ, ਸੁਰੱਖਿਆ ਅਤੇ ਸਦਭਾਵਨਾ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਸਰਹਿੰਦ ਨਹਿਰ ਵਿੱਚ ਡਿੱਗੀ ਕਾਰ 'ਚ ਸਵਾਰ 11 ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਜਸਕਰਨ ਸਿੰਘ ਅਤੇ ਕ੍ਰਿਸ਼ਨ ਕੁਮਾਰ ਨੂੰ ਸੀ ਐਮ ਭਗਵੰਤ ਮਾਨ ਨੇ ਕੀਤਾ ਸਨਮਾਨਿਤ



ਚੰਡੀਗੜ੍ਹ (ਵਿਮਲ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਹਿੰਦ ਨਹਿਰ ਵਿੱਚ ਡਿੱਗੀ ਕਾਰ 'ਚ ਸਵਾਰ 11 ਲੋਕਾਂ ਦੀਆਂ ਬਠਿੰਡਾ ਦੇ ਪੁਲਿਸ ਮੁਲਾਜ਼ਮਾਂ ਨਾਲ ਮਿਲ ਕੇ ਜਾਨਾਂ ਬਚਾਉਣ ਵਾਲੇ ਜਸਕਰਨ ਸਿੰਘ ਅਤੇ ਕ੍ਰਿਸ਼ਨ ਕੁਮਾਰ ਨੂੰ ਚੰਡੀਗੜ੍ਹ ਵਿਖੇ ਸਨਮਾਨਿਤ ਕੀਤਾ ਅਤੇ ਇਨਸਾਨੀਅਤ ਦਾ ਫ਼ਰਜ਼ ਨਿਭਾਉਣ ਵਾਲੇ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀਆਂ ਅਨਮੋਲ ਜਾਨਾਂ ਬਚਾਉਣ ਵਾਲੇ ਨੌਜਵਾਨਾਂ ਦੀ ਹਿੰਮਤ ਅਤੇ ਦਲੇਰੀ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹੈ। ਇਹਨਾਂ ਦੋਵਾਂ ਨੌਜਵਾਨਾਂ ਨੂੰ ਆਉਣ ਵਾਲੀ ੧੫ ਅਗਸਤ ਨੂੰ ਆਜ਼ਾਦੀ ਦਿਹਾੜੇ ਦੇ ਸਮਾਗਮ ਦੌਰਾਨ ਉਹਨਾਂ ਦੀ ਬਹਾਦਰੀ ਲਈ ਸਨਮਾਨਿਤ ਕੀਤਾ ਜਾਵੇਗਾ।

## ਇਮਾਨਦਾਰੀ ਅਜੇ ਵੀ ਜ਼ਿੰਦਾ ਹੈ

ਇੱਕ ਵਪਾਰੀ ਆਪਣੇ ਕੰਮ ਲਈ ਇੱਕ ਮੰਤਰੀ ਕੋਲ ਗਿਆ ਜਿਸਦੀ ਇਮਾਨਦਾਰੀ ਦੀ ਲੋਕ ਸਹੁੰ ਖਾਂਦੇ ਸਨ

ਕਾਰੋਬਾਰੀ: ਸਰ, ਅਸੀਂ ਤੁਹਾਨੂੰ ਆਪਣੇ ਕੰਮ ਦੀ ਪ੍ਰਵਾਨਗੀ ਦੇ ਬਦਲੇ ਇੱਕ ਨਵੀਂ ਕਾਰ ਦੇਣਾ ਚਾਹੁੰਦੇ ਹਾਂ

ਮੰਤਰੀ: ਨਹੀਂ ਮੈਂ ਇਸਨੂੰ ਮੁਫਤ ਵਿੱਚ ਨਹੀਂ ਲੈ ਸਕਦਾ। ਮੈਂ ਇਸਦੇ ਲਈ ਕੁਝ ਪੈਸੇ ਦੇਣਾ ਚਾਹੁੰਦਾ ਹਾਂ

ਬਹੁਤ ਸਮਝਾਉਣ ਤੋਂ ਬਾਅਦ ਵਪਾਰੀ ਸਹਿਮਤ ਹੋ ਗਿਆ ਅਤੇ ਕਿਹਾ ਠੀਕ ਹੈ ਕਿਰਪਾ ਕਰਕੇ ਇੱਕ ਰੁਪਿਆ ਦਿਓ

ਮੰਤਰੀ ਨੇ ਦੋ ਰੁਪਏ ਦਾ ਸਿੱਕਾ ਦਿੱਤਾ

ਕਾਰੋਬਾਰੀ ਨੇ ਮਜ਼ਾਕ ਵਿੱਚ ਕਿਹਾ: ਮਾਫ਼ ਕਰਨਾ ਮੇਰੇ ਕੋਲ ਵਾਪਸ ਕਰਨ ਲਈ ਇੱਕ ਰੁਪਿਆ ਨਹੀਂ ਹੈ

ਮੰਤਰੀ: ਕੋਈ ਗੱਲ ਨਹੀਂ ਤੁਸੀਂ ਮੈਨੂੰ ਮੇਰੀ ਪਤਨੀ ਲਈ ਇੱਕ ਹੋਰ ਕਾਰ ਦੇ ਦਿਓ

## ਪਟਿਆਲਾ ਪੁਲਿਸ ਨੇ ਜੱਟ ਨੂੰ ਕਤਲ ਹੋਣ ਤੋਂ ਬਚਾਇਆ 10 ਪਿਸਟਲ ਅਤੇ ਇੱਕ ਰਿਵਾਲਵਰ ਬਰਾਮਦ



ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਅਗਵਾਈ ਵਿੱਚ ਪਟਿਆਲਾ ਪੁਲਿਸ ਨੇ ਇੱਕ ਵੱਡੀ ਵਾਰਦਾਤ ਰੋਕਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।ਇਸ ਵੱਡੀ ਸਫਲਤਾ ਵਿੱਚ, ਸੀਆਈਏ ਪਟਿਆਲਾ ਨੇ ਇੱਕ ਹਫ਼ਤੇ ਚੱਲੇ ਆਪ੍ਰੇਸ਼ਨ ਦੌਰਾਨ ਮਾਨਵ ਰੋਜ਼ ਕਲੋਨੀ, ਰਾਜਪੁਰਾ ਰੋਡ, ਪਟਿਆਲਾ ਨੂੰ ਗ੍ਰਿਫ਼ਤਾਰ ਕੀਤਾ ਅਤੇ 10 ਪਿਸਤੌਲ ਅਤੇ ਇੱਕ ਰਿਵਾਲਵਰ ਬਰਾਮਦ ਕੀਤਾ।ਦੋਸ਼ੀ ਮਾਨਵ, ਤੇਜਪਾਲ ਮਹਿਰਾ ਦੇ ਕਤਲ ਦਾ ਬਦਲਾ ਲੈਣ ਲਈ, ਅਮਨਦੀਪ ਸਿੰਘ ਉਰਫ਼ ਜੱਟ ਅਤੇ ਉਸਦੇ ਸਾਥੀਆਂ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਿਹਾ ਸੀ।